**ਨਿਊਜ਼** ਰਿਲੀਜ਼

# Q1 ਅੱਪਡੇਟ: ਕਰਜ਼ੇ ਦਾ ਭੁਗਤਾਨ ਅਤੇ ਭਵਿੱਖ ਵਾਸਤੇ ਬੱਚਤ

31 ਅਗਸਤ, 2022 ਮੀਡੀਆ ਪੁੱਛਗਿੱਛ

## ਇਸ ਸਾਲ ਦੀ ਮਜ਼ਬੂਤ ਆਰਥਿਕ ਗਤੀਵਿਧੀਆਂ ਨਾਲ ਅਲਬਰਟਾ, ਬਚਤ ਅਤੇ ਕਰਜ਼ੇ ਵਿੱਚ ਕਟੌਤੀ ਲਈ ਇਤਿਹਾਸਕ ਨਿਵੇਸ਼ ਕਰੇਗਾ।

ਬਿਟੂਮੇਨ ਰਾਇਲਟੀ, ਅਤਿਰਿਕਤ ਸੰਸਾਧਨ ਰੈਵੀਨਿਊ ਅਤੇ ਕਾਰਪੋਰੇਟ ਆਮਦਨ ਟੈਕਸਾਂ ਵਿਚ ਉੱਚ ਰੈਵੀਨਿਊ ਅਨੁਮਾਨ ਨੇ, 2022-23 ਲਈ ਪ੍ਰਾਂਤ ਦੇ ਅਨੁਮਾਨਿਤ ਸਰਪਲੱਸ ਨੂੰ ਵਧਾ ਕੇ 13.2 ਬਿਲੀਅਨ ਡਾਲਰ ਕਰ ਦਿੱਤਾ ਹੈ।

ਇਸ ਸਾਲ ਦਾ ਸਰਪਲੱਸ, ਸਰਕਾਰ ਨੂੰ ਅਲਬਰਟਾ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਸਾਲਾਨਾ ਕਰਜੇ ਦਾ ਭੁਗਤਾਨ ਕਰਨ ਦੇ ਯੋਗ ਬਣਾਉਂਦਾ ਹੈ, ਜਿਸ ਨਾਲ ਇਸ ਵਿੱਤੀ ਸਾਲ ਵਿੱਚ $13.4 ਬਿਲੀਅਨ ਦਾ ਕਰਜ਼ਾ ਅਦਾ ਹੋ ਜਾਵੇਗਾ। ਸਰਕਾਰ 2023-24 ਵਿੱਚ ਬਕਾਇਆ ਕਰਜ਼ੇ ਲਈ 5.2 ਬਿਲੀਅਨ ਡਾਲਰ ਵੀ ਅਲਾਟ ਕਰੇਗੀ।

ਸਰਕਾਰ, ਹੈਰੀਟੇਜ ਫੰਡ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਸਾਲਾਨਾ ਨਿਵੇਸ਼ ਕਰੇਗੀ, ਜਿਸ ਵਿਚ 2021-22 ਦੇ ਬਚੇ 1.2 ਬਿਲੀਅਨ ਡਾਲਰ ਨੈੱਟ ਨਿਵੇਸ਼ ਆਮਦਨ ਨੂੰ ਬਰਕਰਾਰ ਰੱਖਿਆ ਜਾਵੇਗਾ ਅਤੇ 1.7 ਬਿਲੀਅਨ ਡਾਲਰ ਹੋਰ ਅਲਾਟ ਕੀਤੇ ਜਾਣਗੇ, ਜਿਸ ਨਾਲ ਕੁੱਲ ਨਿਵੇਸ਼ 2.9 ਬਿਲੀਅਨ ਡਾਲਰ ਦਾ ਹੋ ਜਾਵੇਗਾ। ਇਹ ਪਿਛਲੇ ਸਾਲ ਮੁਦਰਾਸਫਿਤੀ-ਪਰੂਫਿੰਗ ਲਈ ਰੱਖੇ ਗਏ 705 ਮਿਲੀਅਨ ਡਾਲਰ ਤੋਂ ਅਲਗ ਹੈ।

## ਨਿੱਜੀ ਆਮਦਨੀ ਟੈਕਸਾਂ ਦੀ ਇੰਡੈਕਸਿੰਗ

ਪ੍ਰਾਂਤ, 2019 ਵਿੱਚ ਮਹਿੰਗਾਈ ਲਈ ਨਿੱਜੀ ਆਮਦਨ ਟੈਕਸਾਂ ਨੂੰ ਇੰਡੈਕਸ (ਸੂਚਕਾਂਕ) ਕਰਨ ਲਈ ਕੀਤੇ ਗਏ ਵਾਅਦੇ ਨੂੰ ਪੂਰਾ ਕਰ ਰਿਹਾ ਹੈ, ਜੋ ਕਿ 2022 ਟੈਕਸ ਸਾਲ ਤੋਂ ਪੂਰਵ-ਕਿਰਿਆਸ਼ੀਲ (ਰੈਟਰੋ-ਐਕਟਿਵ) ਹੋਵੇਗਾ। ਮੂਲ ਨਿੱਜੀ ਟੈਕਸ ਦੀ ਰਕਮ ਵਧ ਕੇ 19,814 ਡਾਲਰ ਹੋ ਰਹੀ ਹੈ ਅਤੇ 2023 ਵਿੱਚ ਫਿਰ ਤੋਂ ਵਧੇਗੀ।

ਅਤਿਰਿਕਤ 80,000 ਤੋਂ 95,000 ਅਲਬਰਟਾ ਵਾਸੀ, 2023 ਤੱਕ ਕੋਈ ਸੂਬਾਈ ਨਿੱਜੀ ਆਮਦਨ ਟੈਕਸ ਅਦਾ ਨਹੀਂ ਕਰਨਗੇ, ਇਹ ਲਗਭਗ 1.3 ਮਿਲੀਅਨ ਟੈਕਸ ਫਾਈਲ ਕਰਨ ਵਾਲਿਆਂ ਤੋਂ ਵਖ ਹਨ, ਜੋ ਪਹਿਲਾਂ ਹੀ ਕੋਈ ਸੂਬਾਈ ਨਿੱਜੀ ਆਮਦਨ ਟੈਕਸ ਅਦਾ ਨਹੀਂ ਕਰਦੇ।

ਬਹੁਤ ਸਾਰੇ ਅਲਬਰਟਾ ਵਾਸੀ, 2023 ਦੇ ਆਪਣੇ ਪਹਿਲੇ ਤਨਖਾਹ ਦੇ ਚੈੱਕਾਂ 'ਤੇ, ਘੱਟ ਟੈਕਸ ਵਿਦਹੋਲਡਿੰਗ ਰਾਹੀਂ ਇੰਡੈਕਸਿੰਗ ਦੇ ਲਾਭ ਨੂੰ ਵੇਖਣਗੇ। ਇਸਤੋਂ ਇਲਾਵਾ, ਕਿਉਂਕਿ ਇੰਡੈਕਸੇਸ਼ਨ 2022 ਵਾਸਤੇ ਦੁਬਾਰਾ ਸ਼ੁਰੂ ਹੋਵੇਗੀ, ਅਲਬਰਟਾ ਵਾਸੀਆਂ ਨੂੰ ਵਡਾ ਰਿਫੰਡ ਪ੍ਰਾਪਤ ਹੋਵੇਗਾ ਜਦ ਉਹ ਬਸੰਤ 2023 ਵਿੱਚ ਆਪਣੀਆਂ 2022 ਦੀਆਂ ਟੈਕਸ ਰਿਟਰਨਾਂ ਦਾਇਰ ਕਰਨਗੇ। ਕੁੱਲ ਮਿਲਾਕੇ, 2022 ਅਤੇ ਇਸ ਤੋਂ ਬਾਅਦ ਦੇ ਸਾਲਾਂ ਲਈ ਇੰਡੈਕਸੇਸ਼ਨ ਨੂੰ ਮੁੜ ਸ਼ੁਰੂ ਕਰਨ ਨਾਲ ਅਲਬਰਟਾ ਵਾਸੀਆਂ ਨੂੰ 2022-23 ਵਿੱਚ ਅੰਦਾਜ਼ਨ $304 ਮਿਲੀਅਨ, 2023-24 ਵਿੱਚ $680 ਮਿਲੀਅਨ ਅਤੇ 2024-25 ਵਿੱਚ $980 ਮਿਲੀਅਨ ਦੀ ਬੱਚਤ ਹੋਵੇਗੀ।

ਨਿੱਜੀ ਆਮਦਨ ਟੈਕਸਾਂ ਨੂੰ ਮਹਿੰਗਾਈ ਲਈ ਇੰਡੈਕਸ ਕਰਨਾ, ਅਲਬਰਟਾ ਦੇ ਮਜ਼ਬੂਤ ਟੈਕਸ ਲਾਭ ਵਿੱਚ ਹੋਰ ਯੋਗਦਾਨ ਪਾਵੇਗਾ। ਅਲਬਰਟਾ ਵਾਸੀ ਪਹਿਲਾਂ ਹੀ ਕੋਈ ਪੀਐਸਟੀ, ਕੋਈ ਪੇਰੋਲ ਟੈਕਸ ਅਤੇ ਕੋਈ ਸਿਹਤ ਪ੍ਰੀਮੀਅਮ ਨਹੀਂ ਦੇ ਨਾਲ ਸਮੁੱਚੇ ਟੈਕਸਾਂ ਵਿੱਚ ਘੱਟ ਭੁਗਤਾਨ ਕਰਦੇ ਹਨ।

ਅਲਬਰਟਾ ਦੀ ਸਰਕਾਰ ਨੇ ਅਲਬਰਟਾ ਵਾਸੀਆਂ ਦੀਆਂ ਜੇਬਾਂ ਵਿੱਚ ਵਧੇਰੇ ਪੈਸਾ ਰੱਖਣ ਲਈ ਪਹਿਲਾਂ ਹੀ ਕੁਝ ਉਦਾਰ ਉਪਾਅ ਪੇਸ਼ ਕੀਤੇ ਹਨ, ਜਿਸ ਵਿੱਚ ਵਧਦੀਆਂ ਕੀਮਤਾਂ, ਮਹਿੰਗਾਈ ਅਤੇ ਰਹਿਣ-ਸਹਿਣ ਦੀ ਲਾਗਤ ਲਈ $2.4 ਬਿਲੀਅਨ ਦੀ ਰਾਹਤ ਦਾ ਵਾਅਦਾ ਕੀਤਾ ਗਿਆ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਇਲੈਕਟ੍ਰੀਸਿਟੀ ਰੀਬੇਟ ਪ੍ਰੋਗਰਾਮ ਰਾਹੀਂ ਛੇ ਮਹੀਨਿਆਂ ਦੌਰਾਨ 1.9 ਮਿਲੀਅਨ ਘਰ-ਮਾਲਕਾਂ, ਕਾਰੋਬਾਰੀ ਆਪਰੇਟਰਾਂ ਅਤੇ ਕਿਸਾਨਾਂ ਨੂੰ $300 ਦੀ ਰਾਹਤ ਪ੍ਰਦਾਨ ਕਰਾਉਣਾ।
- ਘੱਟੋ ਘੱਟ ਸਤੰਬਰ ਦੇ ਅੰਤ ਤੱਕ 13-ਪ੍ਰਤੀਸ਼ਤ-ਪ੍ਰਤੀ-ਲੀਟਰ ਸੂਬਾਈ ਈਂਧਨ ਟੈਕਸ ਨੂੰ ਖਤਮ ਕਰਨਾ।
- ਈਂਧਨ ਕੀਮਤ ਸੰਕਟ-ਕਾਲੀਨ ਪ੍ਰੋਗਰਾਮ ਤਹਿਤ ਬੱਸਾਂ ਵਾਸਤੇ ਉੱਚ ਈਂਧਨ ਖ਼ਰਚਿਆਂ ਨੂੰ ਕਵਰ ਕਰਨ ਵਿੱਚ ਸਕੂਲ ਅਧਿਕਾਰੀਆਂ ਦੀ ਮਦਦ ਕਰਨਾ।
- ਅਕਤੂਬਰ 2022 ਤੋਂ ਮਾਰਚ 2023 ਤੱਕ ਕੁਦਰਤੀ ਗੈਸ ਦੀਆਂ ਕੀਮਤਾਂ ਵਿੱਚ ਛੂਟ ਪ੍ਰਦਾਨ ਕਰਨਾ ਤਾਂ ਜੋ ਖਪਤਕਾਰਾਂ ਨੂੰ ਕੁਦਰਤੀ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਤੋਂ ਬਚਾਇਆ ਜਾ ਸਕੇ।
- 75 ਸਾਲਾਂ ਤੋਂ ਵੱਧ ਉਮਰ ਦੇ ਲੋਕਾਂ ਵਾਸਤੇ ਅਲਬਰਟਾ ਸੀਨੀਅਰ ਲਾਭਾਂ ਨੂੰ ਬਣਾਈ ਰੱਖਣਾ, ਉਹਨਾਂ ਨੂੰ ਫੈਡਰਲ ਓਲਡ ਏਜ ਸਕਿਊਰਟੀ ਵਾਧੇ ਤੋਂ ਛੂਟ ਦੇਣਾ।

## ਹੋਰ ਆਰਥਿਕ ਵਿਕਾਸ ਸੂਚਕ

ਅਲਬਰਟਾ ਦੇ ਲੇਬਰ ਮਾਰਕੀਟ ਵਿੱਚ ਤੇਜ਼ੀ ਆਈ ਹੈ। ਸੂਬੇ ਨੇ ਸਾਲ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 68,200 ਨੌਕਰੀਆਂ ਜੋੜੀਆਂ ਹਨ ਅਤੇ ਜ਼ਿਆਦਾਤਰ ਉਦਯੋਗਾਂ ਨੇ 2020 (ਮਹਾਂਮਾਰੀ ਦੀ ਪਕੜ ਵਿਚ ਆਉਣ ਤੋਂ ਪਹਿਲਾਂ) ਦੇ ਸ਼ੁਰੁਆਤੀ ਰੁਜ਼ਗਾਰ ਦੇ ਪੱਧਰ ਨੂੰ ਪਾਰ ਕਰ ਲਿਆ ਹੈ। ਅਲਬਰਟਾ ਦੀ ਬੇਰੁਜ਼ਗਾਰੀ-ਦਰ ਘਟ ਕੇ 4.8 ਪ੍ਰਤੀਸ਼ਤ ਰਹਿ ਗਈ ਹੈ, ਜੋ 2015 ਦੀ ਸ਼ੁਰੂਆਤ ਤੋਂ ਬਾਅਦ ਸਭ ਤੋਂ ਘੱਟ ਹੈ।

ਉੱਚ ਮੰਗ ਅਤੇ ਕੀਮਤਾਂ ਦੇ ਕਾਰਨ ਸੂਬੇ ਵਿੱਚ ਵਪਾਰਕ ਉਤਪਾਦਨ ਵਧਿਆ ਹੈ। ਹਾਲਾਂਕਿ ਊਰਜਾ ਉਤਪਾਦਾਂ ਨੇ ਇਸ ਵਾਧੇ ਦੀ ਅਗਵਾਈ ਕੀਤੀ ਹੈ, ਉੱਥੇ ਰਸਾਇਣਕ ਅਤੇ ਜੰਗਲਾਤ ਉਤਪਾਦ, ਭੋਜਨ ਨਿਰਮਾਣ ਅਤੇ ਮਸ਼ੀਨਰੀ ਸਮੇਤ ਜ਼ਿਆਦਾਤਰ ਉਦਯੋਗਾਂ ਵਿੱਚ ਲਾਭ ਹੋਇਆ ਹੈ। ਇਸ ਸਾਲ ਹੁਣ ਤੱਕ ਵਪਾਰਕ ਵਸਤੂਆਂ ਦੀ ਬਰਾਮਦ 60 ਪ੍ਰਤੀਸ਼ਤ ਤੋਂ ਵੱਧ ਹੋ ਚੁੱਕੀ ਹੈ, ਅਤੇ ਨਾਲ ਹੀ ਨਿਰਮਾਣ ਸ਼ਿਪਮੈਂਟ ਵਿੱਚ 30 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਹੋਇਆ ਹੈ।

ਊਰਜਾ ਦੀਆਂ ਉੱਚੀਆਂ ਕੀਮਤਾਂ ਤੇਲ ਅਤੇ ਗੈਸ ਦੇ ਖੇਤਰ ਵਿੱਚ ਰੈਵਿਨਿਊ ਅਤੇ ਖਰਚਿਆਂ ਨੂੰ ਵਧਾ ਰਹੀਆਂ ਹਨ। ਮਜ਼ਬੂਤ ਡ੍ਰਿਲਿੰਗ ਗਤੀਵਿਧੀਆਂ ਨੇ ਇਸ ਸਾਲ ਹੁਣ ਤੱਕ ਕੱਚੇ ਤੇਲ ਦੇ ਉਤਪਾਦਨ ਨੂੰ 3.6 ਮਿਲੀਅਨ ਬੈਰਲ ਪ੍ਰਤੀ ਦਿਨ ਤੱਕ ਵਧਾ ਦਿੱਤਾ ਹੈ ਅਤੇ ਇਸ ਸਾਲ ਰਿਕਾਰਡ ਉੱਚੇ ਪੱਧਰ 'ਤੇ ਪਹੁੰਚਣ ਦੀ ਉਮੀਦ ਹੈ। ਤੇਲ ਅਤੇ ਗੈਸ ਖੇਤਰ ਤੋਂ ਬਾਹਰ, ਕੰਪਨੀਆਂ ਠੋਸ ਕਾਰਪੋਰੇਟ ਮੁਨਾਫਿਆਂ ਤੋਂ ਉਤਸ਼ਾਹਿਤ ਹੋ ਕੇ ਨਿਵੇਸ਼ ਯੋਜਨਾਵਾਂ ਨੂੰ ਅੱਗੇ ਵਧਾ ਰਹੀਆਂ ਹਨ।

ਸਾਲ 2022 ਵਿਚ ਅਸਲ ਕੁੱਲ ਘਰੇਲੂ ਉਤਪਾਦ (ਜੀਡੀਪੀ) 'ਚ 4.9 ਫੀਸਦੀ ਦਾ ਵਾਧਾ ਹੋਣ ਦੀ ਉਮੀਦ ਹੈ। ਇਹ 5.4 ਪ੍ਰਤੀਸ਼ਤ ਦੇ ਬਜਟ ਅਨੁਮਾਨ ਤੋਂ ਥੋੜ੍ਹਾ ਘੱਟ ਹੈ, ਜੋ ਉੱਚ ਮਹਿੰਗਾਈ ਅਤੇ ਵਿਆਜ ਦਰਾਂ ਦੇ ਨਤੀਜੇ ਵਜੋਂ ਉਪਭੋਗਤਾ ਖਰਚਿਆਂ ਅਤੇ ਰਿਹਾਇਸ਼ੀ ਨਿਵੇਸ਼ ਵਿੱਚ ਵਿਕਾਸ ਦੀ ਘੱਟ ਉਮੀਦ ਨੂੰ ਦਰਸਾਉਂਦਾ ਹੈ। ਇਸ ਦੇ ਬਾਵਜੂਦ, ਅਸਲ ਜੀਡੀਪੀ ਦੇ ਕੋਵਿਡ -19 ਮੰਦੀ ਤੋਂ ਪੂਰੀ ਤਰ੍ਹਾਂ ਉਭਰਨ ਅਤੇ ਇਸ ਸਾਲ ਪਹਿਲੀ ਵਾਰ 2014 ਦੇ ਸਿਖਰ ਨੂੰ ਪਾਰ ਕਰਨ ਦੀ ਉਮੀਦ ਹੈ। ਨਿਜੀ ਖੇਤਰ ਦੇ ਭਵਿੱਖਬਾਣੀ ਕਰਨ ਵਾਲੇ ਉਮੀਦ ਕਰ ਰਹੇ ਹਨ ਕਿ ਅਲਬਰਟਾ ਇਸ ਸਾਲ ਅਤੇ 2023 'ਚ, ਦੇਸ਼ ਵਿੱਚ ਸਭ ਤੋਂ ਵੱਧ ਆਰਥਿਕ ਵਿਕਾਸ ਕਰਨ ਵਾਲਿਆਂ ਵਿਚ ਸ਼ਮਿਲ ਹੋਵੇਗਾ।

## ਫੌਰੀ ਤੱਥ

- 2022-23 ਲਈ ਸਰਪਲੱਸ 13.2 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ, ਜੋ ਬਜਟ 2022 ਦੇ ਅਨੁਮਾਨ ਤੋਂ 12.6 ਬਿਲੀਅਨ ਡਾਲਰ ਵੱਧ ਹੈ।
- 2022-23 ਲਈ ਮਾਲੀਆ ਅਨੁਮਾਨ 75.9 ਬਿਲੀਅਨ ਡਾਲਰ ਹੈ, ਜੋ ਬਜਟ ਵਿੱਚ ਪੇਸ਼ ਕਿਤੇ ਗਏ ਦੇ ਮੁਕਾਬਲੇ 13.3 ਬਿਲੀਅਨ ਡਾਲਰ ਵੱਧ ਹੈ।
- ਕੁੱਲ ਖਰਚ 62.7 ਬਿਲੀਅਨ ਡਾਲਰ ਰਹਿਣ ਦਾ ਅਨੁਮਾਨ ਹੈ, ਜੋ ਬਜਟ ਵਿੱਚ ਅਨੁਮਾਨਿਤ 62.1 ਬਿਲੀਅਨ ਡਾਲਰ ਤੋਂ ਥੋੜ੍ਹਾ ਜਿਹਾ ਵੱਧ ਹੈ।
- 2022-23 ਦੌਰਾਨ, ਪੂੰਜੀ ਯੋਜਨਾ ਵਿੱਚ 389 ਮਿਲੀਅਨ ਡਾਲਰ ਦਾ ਵਾਧਾ ਹੋਇਆ ਹੈ, ਜਿਸ ਦਾ ਮੁੱਖ ਕਾਰਨ ਪਿਛਲੇ ਵਿੱਤੀ ਸਾਲ ਦੇ ਅਣਖਰਚੇ ਫੰਡਾਂ ਦਾ ਕੈਰੀ-ਓਵਰ ਅਤੇ ਹਾਈਵੇ ਦੇ ਵਿਸਤਾਰ ਲਈ 78 ਮਿਲੀਅਨ ਡਾਲਰ ਦਾ ਵਾਧਾ ਹੈ।
- ਟੈਕਸਦਾਤਾ-ਸਮਰਥਿਤ ਕਰਜ਼ੇ ਦੀ ਭਵਿੱਖਬਾਣੀ 31 ਮਾਰਚ, 2023 ਨੂੰ 79.8 ਬਿਲੀਅਨ ਡਾਲਰ ਦੀ ਹੈ, ਜੋ ਬਜਟ ਦੇ ਅਨੁਮਾਨ ਤੋਂ 10.4 ਬਿਲੀਅਨ ਡਾਲਰ ਘੱਟ ਹੈ।
- ਵਿੱਤੀ ਸਾਲ ਦੇ ਅੰਤ ਵਿੱਚ ਕੁਲ ਡੈਟ-ਟੂ-ਜੀਡੀਪੀ ਅਨੁਪਾਤ 10.3 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਹੈ।

## ਸੰਬੰਧਿਤ ਜਾਣਕਾਰੀ

- 2022-23 ਪਹਿਲੀ ਤਿਮਾਹੀ ਦਾ ਵਿੱਤੀ ਅਪਡੇਟ ਅਤੇ ਆਰਥਿਕ ਬਿਆਨ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

---